EMPLOYMENT ONTARIO
Ontario's employment & training network

Ontario

**ਵੈੱਬ ’ਤੇ ਪਾਉਂਣ ਲਈ ਪੁਨਰ-ਨਿਰੀਖਣ**

# ਅਪਰੈਂਟਿਸਸ਼ਿੱਪ ਟਰੇਨਿੰਗ ਦੇ ਸਪੈਸ਼ਲ ਪ੍ਰੋਗਰਾਮ (Special Apprenticeship Training Programs)

## ਕਿਹੜੇ ਪ੍ਰੋਗਰਾਮ ਅਤੇ ਸੇਵਾਵਾਂ ਉਪਲਬਧ ਹਨ?

### <u>ਪ੍ਰੀ-ਅਪਰੈਂਟਿਸਸ਼ਿੱਪ ਟਰੇਨਿੰਗ ਪ੍ਰੋਗਰਾਮ</u>

ਪ੍ਰੀ-ਅਪਰੈਂਟਿਸਸ਼ਿੱਪ ਟਰੇਨਿੰਗ ਪ੍ਰੋਗਰਾਮ (Pre-Apprenticeship Training Program) ਐਂਪਲਾਇਰਾਂ ਨੂੰ ਜਿੰਨ੍ਹਾਂ ਹੁਨਰਾਂ ਦੀ ਲੋੜ ਹੁੰਦੀ ਹੈ ਅਤੇ ਨੌਕਰੀ ਦੀ ਭਾਲ ਕਰ ਰਹੇ ਵਿਅਕਤੀਆਂ ਦੀ ਸਿੱਖਿਆ ਅਤੇ ਤਜ਼ਰਬੇ ਦਰਮਿਆਨ ਜਿਹੜਾ ਪਾੜਾ ਹੋ ਸਕਦਾ ਹੈ ਉਸਨੂੰ ਭਰਨ ਦੇ ਹਿਸਾਬ ਨਾਲ ਬਣਾਇਆ ਗਿਆ ਪ੍ਰੋਗਰਾਮ ਹੈ। ਪ੍ਰੋਗਰਾਮ ਅਪਰੈਂਟਿਸਸ਼ਿੱਪ ਸਿਸਟਮ ’ਚ ਦਾਖਲ ਹੋਣ ਵਾਲੇ ਸੰਭਾਵੀ ਵਿਅਕਤੀਆਂ ਦੀ ਨੌਕਰੀ ਲਈ ਹੁਨਰ ਵਿਕਸਤ ਕਰਨ ਤੇ ਟਰੇਡ ਵਾਸਤੇ ਤਿਆਰੀ ਕਰਨ ‘ਚ ਮਦਦ ਕਰਦਾ ਹੈ ਤਾਂ ਕਿ ਉਹ ਅਪਰੈਂਟਿਸ ਵਜੋਂ ਨੌਕਰੀ ਲੱਭਣ ਲਈ ਤਿਆਰ ਹੋ ਸਕਣ।

ਪ੍ਰੋਗਰਾਮ 40 ਹਫਤਿਆਂ ਤੱਕ ਦੀ ਮਿਆਦ ਵਾਲੇ ਹਨ ਅਤੇ ਇੰਨ੍ਹਾਂ ’ਚ ਲੈਵਲ 1 ਅਪਰੈਂਟਿਸਸ਼ਿੱਪ ਇਨ-ਸਕੂਲ ਟਰੇਨਿੰਗ, ਢੁਕਵੀਂ ਸੇਫਟੀ ਟਰੇਨਿੰਗ ਅਤੇ ਘੱਟੋ ਘੱਟ 8 ਹਫਤਿਆਂ ਦੀ ਵਰਕ ਪਲੇਸਮੈਂਟ ਸ਼ਾਮਲ ਹੈ। ਪ੍ਰੋਗਰਾਮ ’ਚ ਟਰੇਡ ਦੀ ਤਿਆਰੀ, ਨੌਕਰੀ ਲਈ ਤਿਆਰੀ ਅਤੇ ਵਿਦਿਅਕ ਅੱਪਗਰੇਡਿੰਗ ਵੀ ਸ਼ਾਮਲ ਹੋ ਸਕਦੇ ਹਨ।

ਪ੍ਰੀ-ਅਪਰੈਂਟਿਸਸ਼ਿੱਪ ਪ੍ਰੋਗਰਾਮ ‘ਚ ਦਾਖਲ ਹੋਣ ਦਾ ਕੋਈ ਖਰਚਾ ਨਹੀਂ। ਇਸ ਤੋਂ ਇਲਾਵਾ ਪਾਠ ਪੁਸਤਕਾਂ ਦਾ ਖਰਚਾ, ਸੁਰੱਖਿਆ ਦਾ ਸਾਜ਼-ਸਮਾਨ ਅਤੇ ਸੰਦ ਵਿਚੇ ਹੀ ਸ਼ਾਮਲ ਹਨ।

## ਸ਼ਾਮਲ ਕੌਣ ਹੋ ਸਕਦਾ ਹੈ?

ਪ੍ਰੀ-ਅਪਰੈਂਟਿਸਸ਼ਿੱਪ ਟਰੇਨਿੰਗ ਪ੍ਰੋਗਰਾਮ ਕਈ ਪ੍ਰਕਾਰ ਦੇ ਗਾਹਕਾਂ ਲਈ ਖੁੱਲ੍ਹਾ ਹੈ, ਜਿੰਨ੍ਹਾਂ ’ਚ ਸ਼ਾਮਲ ਹਨ:

- ਹਾਈ ਸਕੂਲ ਗਰੈਜੂਏਟ
- ਪਹਿਲਾਂ ਸਕੂਲ ਛੱਡ ਦੇਣ ਵਾਲੇ
- ਬੇਰੋਜ਼ਗਾਰ/ਘੱਟ ਰੋਜ਼ਗਾਰ ਵਾਲੇ ਨੌਜੁਆਨ ਤੇ ਬਾਲਗ
- ਈ ਆਈ/ਨਾਨ-ਈ ਆਈ ਯੋਗ
- ਐਬੋਰਿਜਨਲ ਲੋਕ
- ਕੈਨੇਡਾ ’ਚ ਨਵੇਂ ਆਉਂਣ ਵਾਲੇ ਲੋਕ

ਨੋਟ: ਕੁਝ ਵਿਸ਼ੇਸ਼ ਪ੍ਰੋਗਰਾਮਾਂ ’ਚ ਖਾਸ ਯੋਗਤਾ ਪ੍ਰਣਾਲੀ ਲਾਗੂ ਹੋ ਸਕਦੀ ਹੈ।

## ਮੈਂ ਪ੍ਰੀ-ਅਪਰੈਂਟਿਸਸ਼ਿੱਪ ਟਰੇਨਿੰਗ ਪ੍ਰੋਗਰਾਮ 'ਚ ਕਿਵੇਂ ਪਹੁੰਚ ਕਰ ਸਕਦਾ/ਸਕਦੀ ਹਾਂ?

ਪ੍ਰੀ-ਅਪਰੈਂਟਿਸਸ਼ਿੱਪ ਟਰੇਨਿੰਗ ਪ੍ਰੋਗਰਾਮ ਸਾਲ ਭਰ ਵੱਖ ਵੱਖ ਸਮਿਆਂ 'ਤੇ ਵੱਖ ਵੱਖ ਸੰਸਥਾਵਾਂ ਵੱਲੋਂ ਪੇਸ਼ ਕੀਤੇ ਜਾਂਦੇ ਹਨ ਜਿਵੇਂ ਕਾਲਜ, ਮਾਨਤਾ ਪ੍ਰਾਪਤ ਅਪਰੈਂਟਿਸਸ਼ਿੱਪ ਮੁਹੱਈਆ ਕਰਨ ਵਾਲੇ ਤੇ ਕਮਿਊਨਿਟੀ ਏਜੰਸੀਆਂ। ਉਹ ਵਿਅਕਤੀ ਜਿਹੜੇ ਪ੍ਰੀ-ਅਪਰੈਂਟਿਸਸ਼ਿੱਪ ਪ੍ਰੋਗਰਾਮ 'ਚ ਸ਼ਾਮਲ ਹੋਣ ਦੇ ਚਾਹਵਾਨ ਹੋਣ ਉਹ ਟਰੇਨਿੰਗ ਪ੍ਰਦਾਨ ਕਰਨ ਵਾਲੀਆਂ ਏਜੰਸੀਆਂ ਨੂੰ ਸਿੱਧੀਆਂ ਅਰਜ਼ੀਆਂ ਭੇਜ ਸਕਦੇ ਹਨ। ਸਥਾਨਕ ਪ੍ਰੋਗਰਾਮ ਪੇਸ਼ਕਾਰੀਆਂ ਬਾਰੇ ਜਾਣਨ ਲਈ ਵਿਅਕਤੀ ਮਿਨਿਸਟਰੀ ਨਾਲ ਸੰਪਰਕ ਕਰ ਸਕਦੇ ਹਨ।

***ਵਧੇਰੇ ਜਾਣਕਾਰੀ ਲਈ:***

1-800-387-5656
(416) 326-5656 (ਟੋਰਾਂਟੋ)

www.ontario.ca/employmentontario

ISBN 1-4249-2453-7